# ਪਰਮੇਸ਼ਵਰ, ਮਸ਼ੀਹ ਕਲੀਸੀਆਂ ਲਈ, ਨਿਗਾਹਬਾਨ ਦਿੰਦਾ ਹੈ।



**ਵਿਸ਼ੇ-ਸੂਚੀ**


ਜਾਣ ਪਛਾਣ
ਵਿਸ਼ੇ-ਸੂਚੀ
ਕਹਾਣੀ
ਬਾਈਬਲ ਨਿਗਾਹਬਾਨ ਬਾਰੇ ਕੀ ਆਖਦੀ ਹੈ।?
1. ਪ੍ਰਾਚੀਨ ਇਸਰਏਲ ਵਿੱਚ
2. ਇੰਜੀਲ (ਨਵੇ ਨੇਮ) ਵਿੱਚ
3. ਯਰੂਸ਼ਲਮ ਦੀ ਕਲੀਸੀਆਂ ਵਿੱਚ
4. ਗੈਰ ਕੌਮਾਂ ਦੀਆਂ ਕਲੀਸੀਆਂ ਵਿੱਚ
5. ਕਲੀਸੀਆਂ ਨੂੰ ਚਿੱਠੀਆ (ਖਤਾ) ਦੇ ਵਿੱਚ
6. ਪਾਦਰੀਆਂ ਨੂੰ ਖਤਾਂ (ਚਿੱਠੀਆ) ਵਿੱਚ
7. ਮਸ਼ੀਹਿਆਂ ਨੂੰ ਖਤਾ ਵਿੱਚ
ਅਭਿਆਸ ਰਾਹੀਂ ਸਲਾਹ
ਨਿਗਾਹਬਾਨਾ ਉੱਤੇ ਖਤਰੇ
ਕਹਾਣੀ ਲਗਾਤਾਰ
ਅਭਿਆਸ ਦੇ ਕੰਮ
ਨਤੀਜਾ (ਪਰਿਣਾਮ)


## ਜਾਣ ਪਛਾਣ

ਪਵਿੱਤਰ ਆਤਮਾ ਨੂੰ ਆਖੋ ਕਿ ਤੁਹਾਨੂੰ ਨਿਗਾਹਬਾਨੀ ਲਈ ਸਿਖਾਵੇ, ਯਿਸ਼ੂ ਦੇ ਮੰਨਣ ਵਾਲਿਆਂ ਦੀ ਤੁਹਾਡੀ ਕਲੀਸੀਆਂ ਜਾਂ ਇਕਾਈ ਵਿੱਚ।

## ਕਹਾਣੀ

ਸ਼੍ਰੀਮਾਨ ਸਿਖਾਣ ਵਾਲਾ, ਸ਼੍ਰੀ ਮਾਨ ਵਿਸ਼ਵਾਸੀ ਨੂੰ ਆਖੇ, ''ਕੀ ਕੋਈ ਵੀ ਛੋਟੇ ਨਵੇਂ ਬੱਚੇ ਨੂੰ ਖੇਤ ਵਿੱਚ ਸੁੱਟ ਦਿੰਦਾ ਹੈ ਕਿ ਉਹ ਆਪਣੇ ਆਪ ਵੱਧੇ?''

ਸ਼੍ਰੀਮਾਨ ਵਿਸ਼ਵਾਸੀ ਹੱਸਦਾ ਹੈ ਅਤੇ ਉੱਤਰ ਦਿੰਦਾ ਹੈ, ''ਨਹੀ ਇਹ ਮਾਂ ਪਿਉ ਨਵੇ ਬੱਚੇ ਨੂੰ ਘਰ ਵਿੱਚ ਲੈ ਕੇ ਆਉਣ ਅਤੇ ਉਹਦਾ ਧਿਆਨ (ਦੇਖ ਰੇਖ) ਰੱਖਣ।''

ਸ਼੍ਰੀਮਾਨ ਸਿਖਾਣ ਵਾਲਾ, ਸ਼੍ਰੀਮਾਨ ਵਿਸ਼ਵਾਸੀ ਨੂੰ ਆਖੇ, ''ਕੀ ਇੱਕ ਚਰਵਾਏ ਨੂੰ ਆਪਣੀਆਂ ਭੇਡਾਂ ਨੂੰ ਕੱਲਾ ਛੱਡ ਦੇਣਾ ਚਾਹੀਦਾ ਹੈ। ਉਨਾ ਦੇ ਆਪ ਬਾਰੇ ਵਿੱਚੋ?''

ਸ਼੍ਰੀਮਾਨ ਵਿਸ਼ਵਾਸੀ ਦੁਬਾਰਾ ਹੱਸਦੇ ਹਨ ਅਤੇ ਉੱਤਰ ਦਿੰਦੇ ਹਨ, ''ਨਹੀ, ਇੱਕ ਚੰਗਾ ਚਰਵਾਹਿਆਂ ਆਪਣੀਆਂ ਭੇਡਾਂ ਦੀ ਰੱਖਵਾਲੀ ਕਰਦਾ ਅਤੇ ਉਨ੍ਹਾਂ ਨੂੰ ਭੇੜੀਏ ਤੋ ਬਚਾਉਦਾ ਹੈ। ਜਿਵੇ ਇੱਕ ਝੁੰਡ ਵਧਦਾ ਹੈ, ਤਾ ਚਰਵਾਇਹੇ ਨਵੇ ਚਰਵਾਇਆਂ ਨੂੰ ਸਿਖਾਣ ਵਿੱਚ ਮੱਦਦ ਕਰਦੇ ਕਿ ਉਨ੍ਹਾਂ ਨੂੰ ਭੇਡਾਂ ਦੀ ਰੱਖਵਾਲੀ ਕਿਵੇ ਕਰਨੀ ਹੈ।

ਸ਼੍ਰੀਮਾਨ ਸਿਖਾਣ ਵਾਲੇ ਨੇ ਸਮਝਾਇਆ: ਇਸ ਤਰ੍ਹਾਂ, ਨਵੇ ਵਿਸ਼ਵਾਸੀਆਂ ਨੂੰ ਕਿਸੇ ਦੀ ਲੋੜ ਜਿਹੜਾ ਉਨ੍ਹਾਂ ਦਾ ਧਿਆਨ ਰੱਖੇ। ਅਸੀ ਉਹ ''ਧਿਆਨ ਰੱਖਣ ਵਾਲਾ'' ਨਿਗਾਹਬਾਨ, ਨਿਰਾਹਬਾਨ ਪਾਦਰੀ ਨੂੰ ਵੀ ਕਿਹਾ ਜਾਦਾ ਹੈ, ਚਰਵਾਹੇ, ਵਡੇਰੇ ਅਤੇ ਸੇਵਕ।

ਸ਼੍ਰੀਮਾਨ ਸਿਖਾਣ ਵਾਲੇ ਹੋਰ ਜੋੜਿਆ : ਬਹੁਤ ਸਾਰੇ ਲੋਕਾਂ ਨੇ ਆਪਣੇ ਕਸਬੇ ਵਿੱਚੋਂ ਯਿਸ਼ੂ ਦੇ ਪਿੱਛੇ ਤੁਰਨਾ ਸੁਰੂ ਕਰ ਦਿੱਤਾ ਹੈ। ਜੇ ਮੈਂ ਤੁਹਾਨੂੰ ਸਿਖਾ ਦਿਆਂ, ਤੂੰ ਵੀ ਨਿਗਾਹਬਾਨ ਬਣ ਜਾਵੇਗਾਂ ਉਨ੍ਹਾਂ ਨੂੰ ਸਿਖਾਣ ਵਾਲਾ ਅਤੇ ਉਨ੍ਹਾਂ ਨੂੰ ਭੇਡਾਂ ਦੀ ਰੱਖਵਾਲੀ ਕਰਨ ਵਾਲਾ।

ਸ਼੍ਰੀਮਾਨ ਵਿਸ਼ਵਾਸੀ ਨੇ ਉੱਤਰ ਦਿੱਤਾ :– ਮੈ ਵੀ ਨਵੇ ਮੰਣ ਵਾਲਿਆਂ ਦੀ ਮੱਦਦ ਕਰਨਾ ਪਸੰਦ ਕਰਦਾ ਹਾਂ। ਪਰ ਮੈ ਇਹ ਨਹੀ ਜਾਣਦਾ ਕਿਵੇ ਇੱਕ ਨਿਗਾਹਬਾਨ ਬਣ ਸਕਦੇ ਹਾਂ। ਇੱਕ ਨਿਗਾਹਬਾਨ ਨੂੰ ਕੀ ਕਰਨਾ ਜ਼ਰੂਰੀ ਹੈ?''

ਸ਼੍ਰੀਮਾਨ ਸਿਖਾਣ ਵਾਲੇ ਨੇ ਸਲਾਹ ਦਿੱਤੀ, ''ਆਉ ਅਸੀ ਬਾਈਬਲ ਵਿੱਚੋ ਨਿਗਾਹਬਾਨ ਬਾਰੇ ਪੜ੍ਹੀਏ।''

## ਬਾਈਬਲ ਨਿਗਾਹਬਾਨ ਬਾਰੇ ਕੀ ਕਹਿੰਦੀ ਹੈ।

**1.** ਪ੍ਰਾਚੀਨ ਇਸਰਾਏਲ ਵਿੱਚ ਬਹੁਤ ਸ਼ਮੇ ਪਹਿਲਾਂ, ਜਦੋਂ ਸਦੀਪਕ ਪਰਮੇਸ਼ਵਰ ਇਸਰਏਲ ਦੇ ਲੋਕਾਂ ਨੂੰ ਮਿਸਰ ਦੀ ਗੁਲਾਮੀ ਵਿੱਚੋਂ ਬਾਹਰ ਕੱਢ ਕੇ ਲੈ ਆਇਆ, ਮੂਸਾ ਉੱਥੇ ਸਿਰਫ ਇਕੋ ਆਗੂ ਸੀ। ਹਰੇਕ ਦਿਨ, ਸਵੇਰ ਤੋ ਸ਼ਾਮ ਹੋਣ ਤੱਕ, ਉਹ ਲੋਕਾਂ ਦੇ ਪ੍ਰਸ਼ਨਾ ਦੇ ਉੱਤਰ ਦਿੰਦਾ ਅਤੇ ਉਨ੍ਹਾਂ ਦੇ ਝਗੜਿਆਂ ਨੂੰ ਨਿਬੇੜਦਾ। ਉਹ ਬਹੁਤ ਜਿਆਂਦਾ ਥੱਕ ਜਾਦਾ ਅਤੇ ਲੋਕੀ ਸ਼ਿਕਾਇਤ ਕਰਦੇ, ਕਿਉਕਿ ਉਹ ਉਨ੍ਹਾਂ ਸਾਰੀਆਂ ਦੀ ਮੱਦਦ ਨਹੀ ਕਰ ਸਕਦਾ ਸੀ।

ਜਦੋ ਮੂਸਾ ਦਾ ਸਹੁਰਾ ਉਹਨੂੰ ਮਿਲਣ ਲਈ ਆਇਆ, ਉਹਨੇ ਵੇਖਿਆ ਕਿ ਮੂਸਾ ਕਿੰਨਾ ਜਿਆਦਾ ਰੁੱਝਿਆ ਹੋਇਆ ਸੀ, ਅਤੇ ਉਸ ਨੇ ਉਹਨੂੰ ਇਹ ਸਲਾਹ ਦਿੱਤੀ :

> ''ਤੂੰ ਹੁਣ ਮੇਰੀ ਗੱਲ ਸੁਣ। ਮੈ ਤੈਨੂੰ ਮੱਤ (ਸਲਾਹ) ਦਿੰਦਾ ਹਾਂ ਅਤੇ ਪਰਮੇਸ਼ਵਰ ਤੇਰੇ ਸੰਗ ਹੋਵੇਗਾ। ਤੂੰ ਲੋਕਾਂ ਲਈ ਪਰਮੇਸ਼ਵਰ ਦੇ ਥਾਂ ਰਹੀ ਅਤੇ ਤੂੰ ਉਨ੍ਹਾਂ ਗੱਲਾ ਨੂੰ ਪਰਮੇਸ਼ਵਰ ਅੱਗੇ ਲਿਆਈ। ਤੂੰ ਬਿਧੀਆਂ ਅਰ ਵਿਵਸਥਾ ਉਨ੍ਹਾਂ ਨੂੰ ਸਿਖਾਣ ਅਤੇ ਉਹ ਰਾਹ ਜਿਸ ਉੱਤੇ ਚੱਲਣਾ ਹੈ ਅਤੇ ਉਹ ਕੰਮ ਜਿਸ ਨੂੰ ਕਰਨਾ ਹੈ, ਉਨ੍ਹਾਂ ਨੂੰ ਜਤਾ ਦੇਹ। ਨਾਲੇ ਤੂੰ ਸਾਰਿਆਂ ਲੋਕਾਂ ਵਿੱਚੋ ਸਿਆਣੇ ਮਨੁੱਖਾਂ ਨੂੰ ਜਿਹੜੇ ਪਰਮੇਸ਼ਵਰ ਤੋ ਡਰਦੇ ਅਤੇ ਸੱਤਵਾਦੀ ਅਰ ਲੋਭ ਦੇ ਵੈਰੀ ਹੋਣ ਚੁਰਾ ਲੈ। ਉਨ੍ਹਾਂ ਲੋਕਾਂ ਉੱਤੇ ਹਜ਼ਾਰਾਂ ਦੇ ਸਰਦਾਰ, ਸੈਕੜਿਆਂ ਦੇ ਸਰਦਾਰ, ਪੰਜਾਹ ਦੇ ਸਰਦਾਰ ਅਤੇ ਦਸ ਦੇ ਸਰਦਾਰ ਠਹਿਰਾ ਦੇਣਾ। ਉਹ ਹਰ ਵੇਲੇ ਲੋਕਾਂ ਦਾ ਨਿਆਉ ਕਰਨ ਅਤੇ ਇਵੇ ਹੋਵੇ ਭਈ ਹਰ ਇੱਕ ਵੱਡੀ ਗੱਲ ਤੇਰੇ ਕੋਲ ਲਿਆਉਣ, ਪਰ ਛੋਟੀਆਂ ਗੱਲਾਂ ਨੂੰ ਆਪ ਹੀ ਨਬੇੜਨ। ਐਉ ਤੇਰੇ ਲਈ ਸੌਖਾ ਰਹੇ ਗਾ। ਅਰ ਉਹ ਤੇਰੇ ਨਾਲ ਭਾਰ ਹਲਕਾ ਕਰਨ। ਜੇ ਤੂੰ ਇਸ ਗੱਲ ਨੂੰ ਕਰੇਂਗਾ। ਅਰ ਪਰਮੇਸ਼ਵਰ ਤੈਨੂੰ ਹੁੱਕਮ ਦੇ ਵੇ ਤਾਂ ਤੂੰ ਝੱਲ ਸੱਕੇਗਾ। ਅਰ ਏਹ ਸਾਰੇ ਲੋਕ ਵੀ ਸੁੱਖ ਸ਼ਾਦ ਨਾਲ ਆਪਣੇ ਅਸਥਾਨਾ ਨੂੰ ਜਾਣਗੇ। ਸੌ ਮੂਸਾ ਨੇ ਆਪਣੇ ਸੌਹਰੇ ਦੀ ਗੱਲ ਨੂੰ ਸੁਣਿਆ, ਅਰ ਜੋ ਉਸ ਨੇ ਆਖਿਆ ਸੀ, ਸੋ ਹੀ ਕੀਤਾ। (ਕੂਚ 18:19–24)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ :**

- ਕਿਉ ਜ਼ਰੂਰੀ ਹੈ ਕਿ ਨਿਗਾਹਬਾਨ ਹੋਣ?
- ਕਿਸ ਤਰ੍ਹਾਂ ਦੇ ਮਨੁੱਖ ਨਿਗਾਹਬਾਨ ਬਣ ਸਕਦੇ ਹਨ?
- ਕਿਸ ਤਰ੍ਹਾਂ ਦੇ ਵੱਖ-ਵੱਖ ਸਮੂੰਹਾ ਦੇ ਅਕਾਰ ਉੱਤੇ ਇੱਕ ਨਿਗਾਹਬਾਨ ਦੀ ਲੋੜ ਹੈ?

**2. ਇੰਜੀਲ ਵਿੱਚ (ਨਵਾ ਨੇਮ)**

ਯਿਸ਼ੂ ਜਾਣਦਾ ਸੀ ਕਿ ਉਹਦੇ ਚੇਲਿਆ ਨੂੰ, ਉਨ੍ਹਾਂ ਲੋਕਾਂ ਦੀ ਲੋੜ ਹੈ, ਜਿੰਨ੍ਹਾਂ ਨੂੰ ਉਹ ਪਿਆਰ ਕਰਦੇ ਹਨ। ਉਨ੍ਹਾਂ ਨੂੰ ਸਿਖਾਣਾ, ਅਤੇ ਉਨ੍ਹਾਂ ਦੀ ਅਗਵਾਈ ਕਰਣੀ, ਉਸ ਨੇ ਉਨ੍ਹਾਂ ਨੂੰ ਸਿਖਾਇਆਂ ਕਿ ਉਹ ਆਪੇ ਹੀ ਉਹਦੇ ਝੁੰਡ ਦਾ ਚੰਗਾ ਚਰਵਾਹਿਆ ਹੈ ਉਸ ਨੂੰ ਕਿਹਾ।

''ਅੱਛਾ ਅਯਾਲੀ (ਚਰਵਾਹਿਆ) ਮੈ ਹਾਂ, ਮੈ ਆਪਣੀਆਂ ਭੇਡਾਂ ਨੂੰ ਸਿਆਣਦਾਂ ਹਾਂ ਅਤੇ ਮੇਰੀਆਂ ਆਪਣੀਆਂ ਭੇਡਾਂ ਮੈਨੂੰ ਸਿਆਣਦੀਆਂ ਹਨ। ਜਿਸ ਪ੍ਰਕਾਰ ਪਿਤਾ ਮੈਨੂੰ ਸਿਆਣਦਾ ਹੈ।

ਅਰ ਮੈ ਪਿਤਾ ਨੂੰ ਸਿਆਣਦਾ ਹਾਂ। ਮੈ ਭੇਡਾਂ ਦੇ ਬਦਲੇ ਆਪਣੀ ਜਾਨ ਦਿੰਦਾ ਹਾਂ ਅਤੇ ਮੇਰੀਆ ਹੋਰ ਭੇਡਾਂ ਵੀ ਹਨ, ਜਿਹੜੀਆਂ ਇਸ ਵਾੜੇ ਦੀਆਂ ਨਹੀ। ਮੈਨੂੰ ਚਾਹੀਂਦਾ ਹੈ ਜੋ ਉਨ੍ਹਾਂ ਨੂੰ ਵੀ ਲਿਆਵਾਂ ਅਰ ਉਹ ਮੇਰੀ ਅਵਾਜ ਸੁਣਨਗੀਆਂ ਅਤੇ ਇੱਕ ਇੱਜੜ (ਸਮੂੰਹ) ਅਤੇ ਇੱਕੋ ਅਯਾਲੀ ਹੋਵੇਗਾ। ਪਿਤਾ ਮੈਨੂੰ ਇਸ ਲਈ ਪਿਆਰ ਕਰਦਾ ਹੈ ਕਿ ਮੈ ਆਪਣੀ ਜਾਨ ਦਿੰਦਾ ਹਾਂ ਤਾਂ ਜੋ ਉਹ ਨੂੰ ਫੇਰ ਲਵਾਂ। (1 ਯਹੂੰਨਾ 10:14–17)

ਯਿਸ਼ੂ ਦੇ ਮਰਨ ਤੋ ਬਾਦ, ਉਸ ਦੇ ਜੀਵਨ ਵਿੱਚ ਫਿਰ ਮੁੜਨ ਦੇ ਪਿੱਛੋਂ, ਉਹ ਆਪਣੇ ਕੁਝ ਚੇਲਿਆਂ ਉੱਤੇ ਪਰਗਟ ਹੋਇਆ।

''ਯਿਸ਼ੂ ਨੇ ਸਮਊਨ ਪਤਰਸ ਨੂੰ ਆਖਿਆ, ''ਹੈ ਸਮਊਨ ਯਹੂੰਨਾ ਦੇ ਪੁੱਤਰ, ਕੀ ਤੂੰ ਮੈਨੂੰ ਇੰਨ੍ਹਾਂ ਨਾਲ ਵੱਧ ਪਿਆਰ ਕਰਦਾ ਹੈ? ਉਹਨਾਂ ਉਸ ਨੂੰ ਆਖਿਆ, ''ਹਾਂ ਪ੍ਰਭੂ ਜੀ, ਤੂੰ ਜਾਣਦਾ ਹੈ ਜੋ ਮੈ ਤੇਰੇ ਨਾਲ ਹਿੱਤ ਕਰਦਾ ਹਾਂ। ਉਨ੍ਹਾਂ ਉਹ ਕਿਹਾ, ਮੇਰੇ ਲੇਲਿਆਂ ਨੂੰ ਚਾਰ। ਉਸ ਨੇ ਫੇਰ ਦੂਜੀ ਵਾਰ ਉਹ ਨੂੰ ਕਿਹਾ, ਹੈ ਸਮਾਊਨ, ਯਹੂੰਨਾ ਦੇ ਪੁੱਤਰ, ਕੀ ਤੂੰ ਮੈਨੂੰ ਪਿਆਰ ਕਰਦਾ ਹੈ? ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈ, ਮੈ ਤੇਰੇ ਨਾਲ ਹਿੱਤ ਕਰਦਾ ਹਾਂ। ਉਸ ਨੇ ਉਹਨੂੰ ਕਿਹਾ, ਮੇਰੀ ਭੇਡਾਂ ਦੀ ਰੱਖਿਆਂ ਕਰ। ਉਸ ਨੇ ਤੀਜੀ ਵਾਰ ਉਹਨੂੰ ਕਿਹਾ, ''ਹੇ ਸਮਾਊਨ ਯਹੂੰਨਾ ਦੇ ਪੁੱਤਰ, ਕੀ ਤੂੰ ਮੇਰੇ ਨਾਲ ਹਿੱਤ ਕਰਦਾ ਹੈ? ਪਤਰਸ ਉਦਾਸ ਹੋਇਆ, ਇਸ ਲਈ ਜੋ ਉਸ ਨੇ ਤੀਜੀ ਵਾਰ ਉਸ ਨੂੰ ਕਿਹਾ, ਕੀ ਤੂੰ ਮੇਰੇ ਨਾਲ ਹਿੱਤ ਕਰਦਾ ਹੈ? ਅਤੇ ਉਸ ਨੇ ਆਖਿਆ, ''ਪ੍ਰਭੂ ਜੀ ਤੂੰ ਤਾਂ ਸਭ ਜਾਣੀ ਜਾਣ ਹੈ, ਤੈਨੂੰ ਮਲੂਸੁ ਹੈ ਜੋ ਮੈ ਤੇਰੇ ਨਾਲ ਹਿੱਤ ਕਰਦਾ ਹਾਂ। ਯਿਸ਼ੂ ਨੇ ਉਹ ਨੂੰ ਆਖਿਆ, ਮੇਰੀਆਂ ਭੇਡਾਂ ਨੂੰ ਚਾਰ''। 1 ਯਹੂੰਨਾ 21:15–17

ਪਤਰਸ ਨੇ ਚੇਲਿਆਂ ਨੂੰ ਚਿੱਠੀ ਲਿੱਖੀ ਅਤੇ ਆਖਿਆ।

''ਜਿਹੜੇ ਬਜ਼ਰਗ ਤੁਹਾਡੇ ਵਿੱਚ ਹਨਠ, ਮੈ ਜੋ ਉਨ੍ਹਾਂ ਦੇ ਨਾਲ ਬਜ਼ੁਰਗ ਅਤੇ ਮਸ਼ੀਹ ਦੇ ਦੁੱਖਾਂ ਦਾ ਗਵਾਹ ਨਾਲੇ ਉਸ ਤੇਜ ਵਿੱਚ ਜੋ ਪਰਕਾਸ਼ ਹੋਣ ਵਾਲਾ ਹੈ ਸਾਝੀ ਹਾਂ। ਉਨ੍ਹਾਂ ਅੱਗੇ ਇਹ ਬੇਨਤੀ ਕਰਦਾ ਹਾਂ। ਭਈ ਤੁਸੀ ਪਰਮੇਸ਼ਵਰ ਦੇ ਉਸ ਇੱਜੜ (ਸਮੂੰਹ) ਦੀ ਜੋ ਤੁਹਾਡੇ ਵਿੱਚ ਹੈ, ਚਰਵਾਈ ਕਰੋ ਪਰ ਮਜ਼ਬੂਰੀ ਨਾਲ ਨਹੀ ਸਗੋ ਖੁਸ਼ੀ ਨਾਲ ਪਰਮੇਸ਼ਵਰ ਦੀ ਉਸ ਇੱਛਿਆ ਅਨੁਸਾਰ ਅਤੇ ਨਾ ਝੂਠੇ ਨਫੇ ਦੇ ਕਾਰਨ, ਸਗੋ ਮਨ ਦੀ ਚਾਹ ਨਾਲ। ਅਤੇ ਉਨਾ ਉੱਤੇ ਜਿਹੜੇ ਤੁਹਾਡੇ ਸਪੁਰਦ ਹਨ, ਹੁੱਕਮ ਨਾ ਚਲਾਉ, ਸਗੋ ਇੱਜੜ ਜਾ ਨਮੂਨਾ ਬਣੋ। ਤਾ ਜਿਸ ਵੇਲੇ ਸਰਦਾਰ ਅਯਾਲੀ ਪਰਗਟ ਹੋਵੇਗਾ ਤੁਹਾਨੂੰ ਤੇਜ ਦਾ ਉਹ ਮੁਕਟ ਮਿਲੇਗਾ, ਜਿਹੜਾ ਕੁਮਲਾਉਦਾ ਨਹੀ।''(1ਪਤਰਸ 5:1–4)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ** :

- ਇੱਕ ਨਿਗਾਰਬਾਨ ਦਾ ਕੀ ਕੰਮ ਹੈ, ਇੱਕ ਚਰਵਾਹੇ ਦੇ ਵਾਗਰ?
- ਕੁਝ ਨਿਗਾਹ ਬਾਨਾ ਦੇ ਕੀ ਸੁਭਾਵ ਹਨ?
- ਪਰਮੇਸ਼ਵਰ ਉਨ੍ਹਾਂ ਨੂੰ ਕਿਹੜਾ ਇਨਾਮ ਦੇਣਾ ਚਾਹੁੰਦਾ ਹੈ, ਉਹ ਜਿਹੜੇ ਇੱਕ ਨਿਰਾਹ ਬਾਨ ਵਾਂਗ ਸੇਵਾ ਕਰਦੇ ਹਨ?

### 3. ਯਰੂਸਲਮ ਦੀ ਕਲਸਿਯਾ ਵਿੱਚ

ਰਸੂੰਲ ਆਪਣੇ ਆਪ ਹੀ ਯਰੂਸਲਮ ਦੀ ਕਲੀਸੀਆਂ ਵਿੱਚ ਸੇਵਾ ਕਰਦੇ ਸਨ। ਰਸੂੰਲਾ ਦੇ ਕਰਤਬ 4 ਅਤੇ 5 ਬਾਪ।

ਰਸੂੰਲ ਵੱਡੀ ਸ਼ਕਤੀ ਨਾਲ ਪ੍ਰਭੂ ਦੇ ਜੀਅ ਉੱਠਣ ਦੀ ਸਾਖੀ ਦਿੰਦੇ ਸਨ ਅਰ ਉਨ੍ਹਾਂ ਸਭਨਾ ਉੱਤੇ ਵੱਡੀ ਕਿਰਪਾ ਸੀ। ਉਨ੍ਹਾਂ ਵਿੱਚੋ ਕਿਸੇ ਨੂੰ ਘਾਟਾ ਸੀ, ਇਸ ਲਈ ਕਿ ਜਿਹੜੇ ਜਮੀਨਾਂ ਅਤੇ ਘਰਾਂ ਦੇ ਮਾਲਕ ਸਨ, ਉਹ ਉਨਾ ਨੂੰ ਵੇਚ ਕੇ ਵਿਕੀਆਂ ਹੋਈਆਂ ਵਸਤਾਂ ਦਾ ਮੁੱਲ ਲਿਆਉਦੇ ਅਤੇ ਰਸੂੰਲਾਂ ਦੇ ਚਰਨਾ ਉੱਤੇ ਧਰਦੇ ਸਨ ਅਤੇ ਹਰੇ ਕ ਨੂੰ ਉਹ ਦੀ ਲੋੜਾ ਅਨੁਸਾਰ ਵੰਡ ਦਿੰਦੇ ਸਨ। ਰਸੂੰਲਾ ਦਾ ਕਰਤਬ 4:33–35) ਸੋ ਉਹ ਇਸ ਗੱਲ ਤੋ ਆਨੰਦ ਕਰਦੇ ਹੋਏ, ਜੋ ਅਸੀਂ ਉਸ ਨਾਮ ਦੇ ਕਾਰਨ ਬੇਪਤ ਹੋਣ ਦੇ ਜੋਗ ਗਿਣੇ ਗਏ ਸਾ ਸਭਾ ਦੇ ਸ਼ਾਮਹਣਿਉ ਚੱਲੇ ਗਏ। ਅਤੇ ਉਹ ਰੋਜ ਹੈਕਲ ਵਿੱਚ ਅਤੇ ਘਰੀ ਉਪਦੇਸ਼ ਕਰਨ ਅਰ ਇਹ ਖੁਸਖਬਰੀ ਸੁਣਾਉਣ ਤੋ ਨਾ ਹਟੇ , ਭਈ ਯਿਸ਼ੂ ਉਹੀ ਮਸ਼ੀਹ ਹੈ। (ਰਸੂੰਲਾ ਦੇ ਕਰਤਬ 5:41–42)

ਬਾਹਰਾ ਰਸੂੰਲਾ ਨੂੰ ਬਾਦ ਵਿੱਚ ਮੱਦਦ ਕਰਕੇ ਨਿਯੁਕਤ ਕੀਤਾ ਗਿਆ ਉਨਾ ਨੇ ਉਹ ਇੱਕ ਖਾਸ਼ ਕੰਮ ਕਰਨ ਲਈ ਦਿੱਤਾ ਗਿਆ।

ਤੱਦ ਉਨ੍ਹਾਂ ਬਾਰ੍ਹਾਂ ਨੇ ਚੇਲਿਆਂ ਦੀ ਸੰਗਤ ਨੂੰ ਕੋਲ ਸੱਦ ਕੇ ਆਖਿਆ, ਇਹ ਚੰਗੀ ਗੱਲ ਨਹੀ ਜੋ ਅਸੀ ਪਰਮੇਸ਼ਵਰ ਦਾ ਬਚਨ ਛੱਡ ਕੇ ਖਿਲਾਉਣ ਪਿਲਾਉਣ, ਦੀ ਟਹਿਲ ਕਰੀਏ। ਸੋ ਭਾਈਉ ਆਪਣੇ ਵਿੱਚੋ ਸੱਤ ਨੇਕ ਨਾਮ

ਆਦਮੀਆ ਨੂੰ ਜਿਹੜੇ ਆਤਮਾ ਅਤੇ ਬੁੱਧ ਨਾਲ ਭਰਪੂਰ ਹੋਣ, ਚੁਣ ਲਉ, ਭਈ ਅਸੀ ਉਨ੍ਹਾਂ ਨੂੰ ਇਸ ਕੰਮ ਉੱਤੇ ਫਹਿਰਾਈਏ। ਪਰ ਅਸੀ ਪ੍ਰਾਥਨਾ ਵਿੱਚ ਅਰ ਵਚਨ ਦੀ ਸੇਵਾ ਵਿੱਚ ਰਹਾਗੇ। ਇਹ ਗੱਲ ਸਾਰੀ ਸੰਗਤ ਨੂੰ ਚੰਗੀ ਲੱਗੀ। (ਰਸੂੰਲਾ ਦੇ ਕਰਤਬ 6:2-5)

ਰਸੂੰਲਾਂ ਅਤੇ ਬਜ਼ੁਰਗਾਂ ਨੇ ਯਰੂਸਲਮ ਵਿੱਚ ਸੁਣਿਆ ਤੇ ਮੁਸ਼ਕਿਲ ਪ੍ਰਸ਼ਨਾ ਦਾ ਫੈਸਲਾ ਕੀਤਾ।

ਪੌਲੁਸ ਅਤੇ ਬਰਨਾਬਾਸ ਦਾ ਉਨ੍ਹਾਂ ਨਾਲ ਝਗੜਾ ਅਤੇ ਵਾਦ ਬਹੁਤ ਹੋਇਆ ਤਾ ਇਹ ਗੱਲ ਰਹਿਰਾਈ ਜੋ ਪੌਲੁਸ ਅਤੇ ਬਰਨਬਾਸ ਅਤੇ ਕੋਈ ਹੋਰ ਮਨੁੱਖ ਉਨ੍ਹਾਂ ਵਿੱਚੋ ਇਸ ਗੱਲ ਦੀ ਸਹੀ ਕਰਨ ਨੂੰ ਰਸੂੰਲਾ ਅਤੇ ਬਜ਼ਰਗਾਂ ਦੇ ਕੋਲ ਯਰੂਸਲਮ ਨੂੰ ਜਾਣ। ਜਾਂ ਉਹ ਕਲੀਸਿਆਂ ਵੱਲੋ ਕੁਝ ਦੂਰ ਪੁਚਾਏ ਗਏ ਤਾ ਫੈਨੀਕੇ ਅਤੇ ਸਾਮਰਿਯਾ ਦੇ ਵਿੱਚੋ ਲੰਘਦੇ ਹੋਏ ਪਰਾਈਆਂ ਦੌਨਾ ਦੇ ਲੋਕਾਂ ਦੇ ਮਨ ਫਿਰਾਉਨ ਦੀ ਖਬਰ ਦਿੰਦੇ ਗਏ, ਸਭਨਾ ਭਾਈਆਂ ਨੂੰ ਬਹੁਤ ਖੁਸ਼ ਕੀਤਾ। ਜਾਂ ਯਰੂਸ਼ਲਮ ਵਿੱਚ ਪਹੁੰਚੇ ਤਾਂ ਕਲੀਸੀਆਂ ਰਸੂੰਲਾਂ ਅਤੇ ਬਜ਼ੁਰਗਾਂ ਨੇ ਉਨ੍ਹਾਂ ਦਾ ਆਦਰ ਭਾਉ ਕੀਤਾ ਅਤੇ ਉਹਨਾ ਨੇ ਜੋ ਕੁਝ ਪਰਮੇਸ਼ਵਰ ਨੇ ਉਹਨਾ ਨਾਲ ਕੀਤਾ ਸੀ, ਸੁਣਾ ਦਿੱਤਾ।**1 ਰਸੂੰਲਾਂ ਦੇ ਕਰਤਬ 15:2-4**

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ :**

- ਹੋਰ ਕਿਹੜੇ ਕੰਮ ਸਨ, ਜਿੰਨ੍ਹਾਂ ਨੂੰ ਨਿਗਾਹਬਾਨ ਨੇ ਪੂਰਾ ਕਰਨਾ ਸੀ?

## 4. ਗੈਰ ਕੌਮਾ (ਉਪਦੇਸ਼ਕ) ਕਲੀਸੀਆਂ ਵਿੱਚ

ਨਬੀ ਅਤੇ ਅਧਿਆਪਕ, ਉਹ ਜਿਹੜੇ ਅੰਤਕਿਯਾ ਵਿੱਚ ਕਲੀਸੀਆਂ ਦੀ ਸੇਵਾ ਕਰਦੇ ਸਨ, ਉਨਾ ਨੇ ਰਸੂੰਲਾਂ ਨੂੰ ਬਾਹਰ ਨਵੀਆ ਕਲੀਸੀਆਂ ਸ਼ੁਰੂ ਕਰਨ ਘੱਲਿਆ।

ਅੰਤਕਿਯਾ ਦੀ ਕਲੀਸੀਆਂ ਵਿੱਚ ਨਬੀ ਅਤੇ ਉਪਦੇਸ਼ਕ ਸਨ, ਅਰਥਾਤ ਬਰਨਾਬਾਸ ਅਰ ਸਿਮਉਨ। ਜਦੋ ਇਹ ਪ੍ਰਭੂ ਦੀ ਉਪਾਸਨਾ ਕਰਦੇ ਅਤੇ ਵਰਤ ਰੱਖਦੇ ਸਨ ਤਾਂ ਪਵਿੱਤਰ ਆਤਮਾ ਨੇ ਕਿਹਾ ਕਿ ਮੇਰੇ ਲਈ ਬਰਨਾਬਾਸ ਅਤੇ ਸੌਲੂਸ ਨੂੰ ਉਹ ਕੰਮ ਦੇ ਲਈ ਵੱਖਰਾ ਕਰੋ ਜਿਹ ਦੇ ਲਈ ਮੈ ਉਨ੍ਹਾਂ ਨੂੰ ਬੁਲਾਇਆ ਹੈ। ਤੱਦ ਉਨਾ ਨੇ ਵਰਤ ਰੱਖ ਕੇ ਅਤੇ ਪ੍ਰਾਥਨਾ ਕਰਕੇ ਉਨ੍ਹਾਂ ਉੱਤੇ ਹੱਥ ਰੱਖੇ ਅਤੇ ਉਨ੍ਹਾਂ ਨੂੰ ਵਿਦਾ ਕੀਤਾ।'' (ਰਸੂੰਲਾ ਦੇ ਕਰਤਬ 13:1-3)

ਪੌਲੂਸ ਨੇ ਹਰੇਕ ਕਲੀਸੀਆਂ ਲਈ ਬਜ਼ੁਰਗ ਨਿਯਕੁਤ ਕੀਤੇ, ਜਿੱਥੇ ਵੀ ਉਹਨੇ ਨਵੇਂ ਚੇਲੇ ਬਣਾਏ। ਉਸ ਨਗਰ ਵਿੱਚ ਖੁਸ਼ ਖਬਰੀ ਸੁਣਾ ਚੁੱਕੇ ਅਤੇ ਬਹੁਤ ਸਾਰਿਆਂ ਨੂੰ ਚੇਲੇ ਬਣਾ ਚੁੱਕੇ... ਅਰ ਚੇਲਿਆਂ ਦੇ ਮਨਾ ਨੂੰ ਤਕੜੇ ਕਰਦੇ ਅਰ ਇਹ ਉਪਦੇਸ਼ ਦਿੰਦੇ ਸਨ ਕਿ ਨਿਹਚਾ ਵਿੱਚ ਬਣੇ ਰਹੋ ਅਤੇ ਕਿਹਾ, ''ਅਸੀ ਬਹੁਤ ਬਿਪਤਾ ਸਹਿ ਕੇ ਪਰਮੇਸ਼ਵਰ ਦੇ ਰਾਜ ਵਿੱਚ ਵੜਨਾ ਹੈ। ਤਾਂ ਉਨ੍ਹਾ ਨੇ ਹਰੇਕ ਕਲੀਸਿਆਂ ਵਿੱਚ ਉਨ੍ਹਾਂ ਦੇ ਲਈ ਬਜ਼ੁਰਗ ਠਹਿਰਾਏ ਅਤੇ ਵਰਤ ਨਾਲ ਪ੍ਰਾਥਨਾ ਕੀਤੀ ਤਾ ਉਹਨਾ ਨੂੰ ਪ੍ਰਭੂ ਦੇ ਹੱਥ ਸੌਂਪ ਦਿੱਤਾ, ਜਿਹ ਦੇ ਉੱਤੇ ਉਹਨਾ ਨੇ ਨਿਹਚਾ ਕੀਤਾ ਸੀ। (ਰਸੂੰਲਾ ਦੇ ਕਰਤਬ 14:21-23)

ਬਜ਼ੁਰਗ ਆਪਣੇ ਆਪ ਨੂੰ ਜਾਚਣ ਅਤੇ ਝੁੰਡਾ ਨੂੰ ਉਨ੍ਹਾਂ ਨੂੰ ਬਘਿਆੜਾਂ (ਲੋਭੀ ਮਨੁੱਖਾ) ਧੋਖੇਬਾਜਾਂ ਤੋ ਬਚਾਉਣ (ਪੌਲੂਸ) ਨੇ ਅਫਸੁਸ ਦੀ ਵੱਲ ਸੁਨੇਹਾ ਭੇਜ ਕੇ ਕਲੀਸਿਆਂ ਦੇ ਬਜ਼ੁਰਗਾ ਨੂੰ ਸਦਵਾਇਆ। ਅਤੇ ਜਾਂ ਉਹ ਉਸ ਦੇ ਕੋਲ ਆਏ ਤਾਂ ਉਨ੍ਹਾਂ ਨੂੰ ਆਖਿਆ, ''ਤੁਸੀ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਹੀ ਕਰੋ, ਜਿਸ ਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਫਹਿਰਾਇਆ ਹੈ, ਜੋ ਪਰਮੇਸ਼ਵਰ ਦੀ ਕਲੀਸੀਆਂ ਦੀ ਚਰਵਾਹੀ ਕਰੇ ਜਿਹਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ। ਮੈ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੇ ਬੁਰੇ-ਬੁਰੇ ਬਘਿਆੜ ਤੁਹਾਡੇ ਵਿੱਚ ਆ ਵੜਨਗੇ ਜੇ ਇੱਜੜ ਨੂੰ ਨਾ ਛੱਡਣਗੇ। ਅਤੇ ਤੁਹਾਡੇ ਆਪਣੇ ਹੀ ਵਿੱਚੋ ਕਈ ਪੁਰਸ਼ ਖੜੇ ਹੋਣਗੇ ਜਿਹੜੇ ਉਲਟੀਆ ਗੱਲਾ ਕਰਨਗੇ ਭਈ ਚੇਲਿਆ ਨੂੰ ਆਪਣੀ ਵੱਲ ਖਿੱਚ ਲੈ ਜਾਣਾ (ਰਸੂੰਲਾ ਦੇ ਕਰਤਬ 20:17-18, 28-30)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ :**

- ਕਿਹੜੀ ਚੇਤਾਵਨੀ ਪੌਲੂਸ ਨੇ ਨਿਗਾਹਬਾਨਾ ਨੂੰ ਦਿੱਤੀ?
- ਹੋਰ ਕਿਹੜੇ ਜਿਆਦਾ ਕੰਮ ਹਨ ਜਿੰਨ੍ਹਾਂ ਨੂੰ ਨਿਗਾਹਬਾਨਾ ਨੇ ਕਰਨਾ ਹੈ?

## 5. ਖੱਤ ਵਿੱਚ ਕਲੀਸੀਆਂ ਨੂੰ

ਪਰਮੇਸ਼ਵਰ ਦਾ ਆਤਮਾ ਕੁਝ ਲੋਕਾਂ ਨੂੰ ਕਲੀਸੀਆਂ ਤੇ ਇਕਾਈਆਂ ਦੇ ਨਿਗਾਹਬਾਹ ਬਣਨ ਲਈ ਦਾਤਾਂ (ਫੱਲ) ਦਿੰਦਾ ਹੈ। ਰੋਮੀਆਂ 12, 1 ਕੁਰਿੰਥੀਆਂ 12, ਅਫਸੀਆਂ 4, ਫਿਲੱਪੀਆਂ।

ਸਾਨੂੰ ਉਸ ਕਿਰਪਾ ਦੇ ਅਨੁਸਾਰ ਜੋ ਸਾਨੂੰ ਦਾਨ ਹੋਈ ਵੱਖੋ-ਵੱਖਰੀਆ ਦਾਤਾਂ ਮਿਲੀਆਂ। ਆਂਗੂਆ ਨੇ ਉੱਦਮ ਵਿੱਚ, ਤੇ ਦਇਆਂ ਕਰਨ ਵਾਲਾ ਖੁਸੀ ਨਾਲ ਦਿਯਾ ਕਰੇ। (ਰੋਮੀਆ 12:6-8) ਅਤੇ ਕਲੀਸੀਆਂ ਵਿੱਚ ਪਰਮੇਸ਼ਵਰ ਨੇ ਕਈਆ ਨੂੰ ਥਾਪਿਆ ਹੋਇਆ ਹੈ ਪਹਿਲੇ ਰਸੂੰਲਾ ਨੂੰ, ਦੂਜੇ ਨਬੀਆ ਨੂੰ, ਤੀਜੇ ਉਪਦੇਸ਼ਕਾ ਨੂੰ, ਫੇਰ ਕਰਾਮਾਤੀਆ ਨੂੰ, ਫੇਰ ਨਰੋਇਆ ਕਰਨ ਦੀਆ ਦਾਤਾ ਵਾਲਿਆ ਨੂੰ। (1 ਕੁਰਿੰਥੀਆ 12:28), ਉਹਨੇ ਕਈਆ ਨੂੰ ਰਸੂੰਲ, ਕਈਆ ਨੂੰ ਨਬੀ, ਕਈਆ ਨੂੰ ਪ੍ਰਚਾਰਕ, ਕਈਆ ਨੂੰ ਪਾਸਬਾਨ, ਉਸਤਾਦ ਕਰਕੇ ਦੇ ਦਿੱਤਾ ਤੇ ਸਤਾ ਨੂੰ ਸੇਵਕਾਈ ਦੇ ਕੰਮ ਵਿੱਚ ਸਿੱਧ ਹੋਣ ਲਈ, ਕਿ ਮਸੀਹ ਦੀ ਦੇਹ ਉਸਰਦੀ ਜਾਵੇ। (ਅਫਸੀਆ 4:11)

ਸਥਾਨਿਕ ਮਸੀਹ ਸੰਗਤੀ ਵਿੱਚ ਦੋ ਤਰ੍ਹਾਂ ਦੇ ਕੰਮ ਕਰਨ ਵਾਲੇ ਹੁੰਦੇ ਹਨ।

ਮਸ਼ੀਹ ਯਿਸ਼ੂ ਦੇ ਦਾਸ, ਅੱਗੇ ਜੋਗ ਫਿਲਿੱਪੈ ਵਿੱਚੋ ਦੇ ਜਿੰਨੇ ਮਸ਼ੀਹ ਯਿਸ਼ੂ ਵਿੱਚ ਸੰਤ ਹਨ। ਉਨ੍ਹਾਂ0 ਸਭਨਾ ਨੂੰ ਕਲੀਸੀਆਂ ਦੀਆਂ ਨਿਗਾਹਬਾਨਾ, ਅਤੇ ਸੇਵਕਾਂ ਨਵੇ ਸਾਡੇ ਪਿਤਾ ਪਰਮੇਸ਼ਵਰ ਅਤੇ ਪ੍ਰਭੂ ਯਿਸ਼ੂ ਮਸ਼ੀਹ ਦੀ ਵੱਲੋ ਤੁਹਾਨੂੰ ਕਿਰਪਾ ਅਤੇ ਸ਼ਾਤੀ ਹੁੰਦੀ ਰਹੇ (ਫਿੱਲਪੀਆ 1:1-2) ਉਹ ਮਸ਼ੀਹ ਸਮਾਜ ਦੀ ਸੇਵਾ ਕਰਦੇ ਅਤੇ ਦੂਜੇ ਉਨ੍ਹਾਂ ਦੇ ਮੁੜ ਵਿੱਚ ਆਦਰ ਕਰਦੇ।

ਮੈ ਤੁਹਾਨੂੰ ਫੀਬੀ ਦੀ ਸੌਂਪਣਾ ਕਰਦਾ ਹਾਂ ਜਿਹੜੀ ਸਾਡੀ ਭੈਣ ਅਤੇ ਉਸ ਕਲੀਸੀਆਂ ਦੀ ਸੇਵਕਾ ਹੈ ਜੋ ਕੰਖਰਿਆ ਵਿੱਚ ਹੈ।

ਭਈ ਤੁਸੀ ਉਹ ਦਾ ਪ੍ਰਭੂ ਵਿੱਚ ਆਦਰ ਭਾਉ ਕਰੋ ਜਿਸ ਤਰ੍ਹਾਂ ਸੰਤਾ ਨੂੰ ਜੋਗ ਹੈ ਅਤੇ ਜਿਸ ਕੰਮ ਵਿੱਚ ਉਹਨੂੰ ਤੁਹਾਡੀ ਲੋੜ ਪਵੇ ਤੁਸੀ ਉਹ ਦੀ ਸਹਾਇਤਾ ਕਰੋ ਕਿਉ ਜੋ ਉਹ ਆਪ ਵੀ ਬਹੁਤਿਆ ਸਗੋ ਮੇਰੀ ਵੀ ਉਪਕਾਰਣ ਬਣ ਚੁੱਕੀ ਹੈ। (ਰੋਮੀਆ 16:1-2) ਹੁਣ ਹੇ ਭਗਵੋ ਤੇ ਭੈਣੋ, ਮੈ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਤੁਸੀ ਤਾਂ ਸਤੀਫਨਾਸ ਦਾ ਘਰਾਣਾ ਜਾਣਦੇ ਹੋ, ਭਈ ਉਹ ਅਖਾਯਾ ਦਾ ਪਹਿਲਾ ਫਲ ਹੋਇਆ ਅਤੇ ਉਨ੍ਹਾਂ ਨੇ ਸੰਤਾ ਦੀ ਟਹਿਲ ਸੇਵਾ ਕਰਨ ਨੂੰ ਲੱਕ ਬੰਨਿਆਂ, ਕਿ ਤੁਸੀ ਏਹੋ ਜੇਹਿਆ ਦੇ ਅਧੀਨ ਬਣੋ ਨਾਲੇ ਹਰੇਕ ਦੇ ਜਿਹੜਾ ਕੰਮ ਵਿੱਚ ਸਹਾਇਕ ਹੈ ਅਤੇ ਮਿਹਨਤੀ ਹੈ (1 ਕੁਰਿੰਥੀਆ 16:15-16) ਇਪਫ੍ਰਾਸ ਸਾਡਾ ਪਿਆਰ ਨਾਲ ਕੰਮ ਕਰਨ ਵਾਲਾ ਸੇਵਕ ਸਾਡੇ ਲਈ ਮਸ਼ੀਹ ਦਾ ਮਾਤਬਰ ਸੇਵਕ ਹੈ (ਕੁਲਸੀਆ 1:7)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿੱਉ:**

- ਕਿਵੇ ਨਿਗਾਹਬਾਨਾਂ ਨੂੰ ਉਨ੍ਹਾਂ ਦੇ ਕੰਮਾਂ ਨੂੰ ਕਰਨ ਦੇ ਯੋਗ ਬਣਨਾ ਹੈ?
- ਕਿਵੇ ਚੇਲਿਆਂ ਨੂੰ ਵਿਸ਼ਵਾਸੀਆਂ ਨੂੰ ਪਛਣਨਾ ਹੈ ਕਿ ਕਿਹੜਾ ਚੰਗਾ ਨਿਗਾਹਬਾਨ ਬਣ ਸਕਦਾ ਹੈ?

## 6. ਖੱਤ ਵਿੱਚ ਪਾਸਬਾਨਾ (ਪਾਦਰੀਆ) ਲਈ

ਨਿਗਾਹਬਾਨ ਆਪਣੇ ਆਪ ਨੂੰ ਪਰਮੇਸ਼ਵਰ ਦਾ ਬਚਨ ਸਿਖਾਣ ਲਈ ਅਰਪਣ ਕਰਣ, ਸਾਰੇ ਵਿਸ਼ਵਾਸੀਆਂ ਨੂੰ ਸੇਵਕਾਂ ਲਈ, ਲੋਕਾਂ ਕਰਕੇ ਅਤੇ ਨਵੇ ਨਿਗਾਹਬਾਨਾਂ ਨੂੰ ਸਿਖਲਾਈ ਕਰਕੇ।

ਉਪਰੰਤ ਹੇ ਮੇਰੇ ਬੱਚੇ, ਨੂੰ ਉਸ ਕਿਰਪਾ ਨਾਲ ਜੋ ਮਸ਼ੀਹ ਯਿਸ਼ੂ ਵਿੱਚ ਹੈ ਤਕੜਾ ਹੋ, ਅਤੇ ਜਿਹੜੀਆਂ ਗੱਲਾਂ ਬਹੁਤਿਆਂ ਗਵਾਹਾ ਦੇ ਸਾਮਹਣੇ ਮਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ। (2 ਤਿਮੋਥਿਉਸ 2:1-2)

ਹਰੇਕ ਨਗਰ ਵਿੱਚ ਬਜ਼ੁਰਗ ਨਿਯੁਕਤ ਕਰਨੇ ਹਨ

ਮੈ ਤੈਨੂੰ ਇਸ ਨਮਿੱਤ ਕਰੇਤ ਵਿੱਚ ਛੱਡਿਆ ਸੀ, ਭਈ ਜਿਹੜੀਆਂ ਗੱਲਾਂ ਰਹਿ ਗਈਆ ਸਨ, ਉਨ੍ਹਾਂ ਨੂੰ ਸੁਆਰੇ ਅਤੇ ਬਜ਼ੁਰਗ ਥਾਪ ਦੇਵੇ ਜਿਵੇ ਮੈ ਤੈਨੂੰ ਆਗਿਆ ਕੀਤੀ ਸੀ, ਜਿਵੇ ਪਰਮੇਸ਼ਵਰ ਦੇ ਭਡਾਰੀ (ਤੀਤੁਸ 1:5-7)

ਨਿਗਾਹਬਾਨ ਅਤੇ ਉਨ੍ਹਾਂ ਦੇ ਮੱਦਦ ਕਰਨ ਵਾਲਿਆਂ, ਸੇਵਾਦਾਰਾਂ ਵਿੱਚ ਕੁਝ ਜ਼ਰੂਰੀ ਅਵਸ਼ਕਤਾਵਾ ਨਿਧਾਰਿਤ ਹੋਣੀਆ ਚਾਹੀਦੀਆਂ ਹਨ 1 ਤਿਮੋਥਿਉਸ 3, ਤਿਤੁਸ।

ਇਹ ਬਚਨ ਸਤ ਹੈ ਭਈ ਜੋ ਕੋਈ ਨਿਗਾਹਬਾਨ ਦੇ ਹੁੰਦੇ ਨੂੰ ਲੋਚਦਾ ਹੈ ਤਾਂ ਉਹ ਚੰਗੇ ਕੰਮ ਕਰੇ ਹੈ ਨਾਲੇ ਚਾਹੀਦਾ ਹੈ, ਜੋ ਬਾਹਰ ਵਾਲਿਆਂ ਦੇ ਕੋਲੋ ਵੀ ਉਹ ਨੇਕਨਾਮੀ ਹੋਵੇ, ਭਈ ਉਹ ਬੋਲਾ ਹੇਠ ਨਾ ਆ ਜਾਵੇ ਅਤੇ ਸ਼ੈਤਾਨ ਦੀ ਫਾਹੀ ਵਿੱਚ ਨਾ ਫਸ ਜਾਵੇ। ਇਸੇ ਪ੍ਰਕਾਰ ਸੇਵਕਾ ਨੂੰ ਚਾਹੀਦਾ ਹੈ ਕਿ ਉਹ ਗੰਭੀਰ ਹੋਣ। ਪਹਿਲਾਂ ਉਨ੍ਹਾਂ ਨੂੰ ਪਰਖ ਲੈਣਾ ਚਾਹੀਦਾ ਹੈ, ਫਿਰ ਜੇ ਉਹ ਆਪਣੇ ਆਪ ਨੂੰ ਬੇਦੋਸ਼ ਸਾਬਿਤ ਕਰਨ ਉਨ੍ਹਾਂ ਨੂੰ ਸੇਵਾ ਇੱਕ ਸੇਵਾਦਾਰ ਵਾਂਗੂ ਕਰਨ ਦੇਣੀ ਚਾਹੀਦੀ ਹੈ (1 ਤਿਮੋਥਿਉਸ 3:1-10)

> ਹਰੇਕ ਨਗਰ ਵਿੱਚ ਬਜ਼ੁਰਗਾਂ ਨੂੰ ਨਿਯੁਕਤ ਕਰੋ, ਕੋਈ ਇੱਕ ਜਿਹੜਾ ਨਿਰਦੋਸ ਹੈ, ਇੱਕ ਨਿਗਾਹਬਾਨ (ਬਿਸਪ) ਲਈ, ਇੱਕ ਪਰਮੇਸ਼ਵਰ ਦੇ ਭਡਾਰੀ ਲਈ ਨਿਰਦੋਸ਼ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਿਰਫ ਯੋਗ ਬਚਨ ਨੂੰ ਜਿਹੜਾ ਇਸ ਸਿੱਖਿਆ ਦੇ ਅਨੁਸਾਰ ਹੈ ਫੜੀ ਰੱਖੇ ਭਈ ਉਹ ਖਰੀ ਸਿੱਖਿਆ ਨਾਲ ਉਪਦੇਸ਼ ਕਰੇ ਨਾਲੇ ਢੁੱਚਰ ਭਾਹਣ ਵਾਲਿਆਂ ਨੂੰ ਵੀ ਕਾਇਲ ਕਰ ਸਕੇ। (ਤੀਤੁਸ 1:5:9)

ਇੱਕ ਮਸੀਹ ਸੰਗਤ ਨੂੰ ਇੱਕ ਨਿਗਾਹ ਬਾਨ ਜਿਹੜਾ ਕਿ ਕੜੀ ਮਿਹਨਤ ਨਾਲ ਕੰਮ ਕਰਦਾ ਹੈ,ਜ਼ਰੂਰ ਦੇਣਾ ਚਾਹੀਦਾ ਹੈ, ਜਦੋ ਉਹ ਚਾਹੁੰਦਾ ਹੋਵੇ।

> ਉਹ ਬਜ਼ੁਰਗ ਜਿਹੜੇ ਚੰਗਾ ਪ੍ਰਬੰਧ ਕਰਦੇ ਹਨ ਦੂਣੇ ਆਦਰ ਦੇ ਜੋਗ ਸਮਝੇ ਜਾਣ ਪਰ ਖਾਸ ਕਰਕੇ ਉਹ ਜਿਹੜੇ ਵਚਨ ਸੁਣਾਉਣ ਅਤੇ ਸਿੱਖਿਆ ਦੇਣ ਵਿੱਚ ਮਿਹਨਤ ਕਰਦੇ ਹਨ। ਕਿਉ ਜੋ ਧਰਮ ਪੁਸਤਕ ਇਹ ਆਖਦੀ ਹੈ ਭਈ ''ਤੂੰ ਗਾਹੁੰਦੇ ਹੋਏ ਬਲਦ ਦੇ ਮੂੰਹ ਛਿੱਕਲੀ ਨਾ ਚਾੜ੍ਹ, ਨਾਲੇ ਇਹ ਭਈ ਕਾਮਾਂ ਆਪਣੀ ਮਜਦੂਰੀ ਦਾ ਹੱਕਦਾ ਹੈ।'' (1 ਤਿਮੋਥਿਉਸ 5:17–18)

ਨਿਗਾਹਬਾਨਾ ਨੂੰ ਜਿਹੜੇ ਪਾਪ ਵਿੱਚ ਹਨ, ਉਨ੍ਹਾਂ ਨੂੰ ਸਭ ਦੇ ਸਾਮਹਣੇ ਝਾੜਨਾ (ਤਾੜਨਾ) ਹੈ।

> ਬਜ਼ੁਰਗਾਂ ਦੇ ਜੁੰਮੇ ਕੋਈ ਦੋਸ਼ ਨਾ ਸੁਣੀ, ਜਿੰਨ੍ਹਾਂ ਚਿਰ ਦੋ ਜਾ ਤਿੰਨ ਗਵਾਹ ਨਾ ਹੋਣ। ਜਿਹੜੇ ਪਾਪ ਕਰਦੇ ਹਨ, ਉਨ੍ਹਾਂ ਨੂੰ ਸਭਨਾ ਦਾ ਸਾਮਹਣੇ ਝਿੜਕ ਦੇਹ, ਭਈ ਬਾਕੀ ਦਿਆ ਨੂੰ ਵੀ ਡਰ ਰਹੇ। (1 ਤਿਮੋਥਿਉਸ 5:19–20)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ**

- ਕਿਵੇਂ ਨਵੇਂ ਨਿਗਾਹਬਾਨਾ ਨੂੰ ਉਨ੍ਹਾਂ ਦੇ ਕੰਮ ਕਰਨ ਲਈ ਸਿਖਾਣਾ ਹੈ?
- ਇੱਕ ਪੂਰੈ ਸਮੇ ਲਈ ਨਿਗਾਹਬਾਨ ਬਣਨ ਲਈ, ਕਿਹੜੀਆਂ ਲੋੜਾਂ (ਅਵਸ਼ਕਤਾ) ਹੁੰਦੀਆ ਹਨ?

**7. ਖੱਤ ਵਿੱਚ ਮਸ਼ੀਹਾ ਲਈ :**

ਸਾਰਿਆਂ ਚੇਲਿਆਂ ਨੂੰ ਨਿਗਾਹਬਾਨ ਨਹੀ ਬਣਨਾ ਚਾਹੁੰਦਾ ਉਹ ਜਿਹੜੇ ਦੂਜਿਆਂ ਨੂੰ ਸਿਖਾਉਂਦੇ ਹਨ, ਇੱਕ ਨਿਗਾਹਬਾਨ ਵਾਸਤੇ ਸੇਵਾ, ਯਿਸ਼ੂ ਦੇ ਚੇਲੇ ਵਾਂਗੂ ਨਮੂੰਨਾ ਹੋਣਾ ਚਾਹੀਦਾ ਹੈ।

> ਹੇ ਮੇਰੇ ਭਰਾਵੋ, ਬਾਹਲੇ ਉਪਦੇਸ਼ਕ (ਨਿਗਾਹਬਾਨ) ਨਾ ਬਣੋ, ਕਿਉ ਜੋ ਤੁਸੀ ਜਾਣਦੇ ਹੋ ਕਿ ਸਾਨੂੰ ਵਧੀਕ ਸਜਾ ਮਿਲੇ ਗੀ। ਇਸ ਲਈ ਜੋ ਅਸੀ ਸੱਭੇ ਭੁਲਣਹਾਰ ਹਾਂ। (ਯਾਰੂਬ 3:1–2)

ਨਿਗਾਹਬਾਨਾਂ ਨੂੰ ਬੀਮਾਰ ਲਈ ਪ੍ਰਾਥਨਾ ਕਰਨੀ

> ਕੀ ਤੁਹਾਡੇ ਵਿੱਚ ਕੋਈ ਬੀਮਾਰ ਹੋ ਤਾਂ ਕਲੀਸਿਆਂ ਦੇ ਬਜ਼ੁਰਗਾਂ ਨੂੰ ਸੱਦਾ ਘੱਲੋ ਅਤੇ ਉਹ ਪ੍ਰਭੂ ਦਾ ਨਾਮ ਲੈਕੇ ਉਹਨੂੰ ਤੇਲ ਝੱਸਣ ਉਹਦੇ ਲਈ ਪ੍ਰਾਥਨਾ ਕਰਣ। ਅਤੇ ਪ੍ਰਾਥਨਾ ਜਿਹੜੀ ਨਿਸਚਾ (ਵਿਸ਼ਵਾਸ) ਨਾਲ ਹੋਵੇ, ਉਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਸ ਨੂੰ ਉਠਾ ਖੜਾ ਕਰੇਗਾ। ਅਤੇ ਜੇ ਉਹਨੇ ਪਾਪ ਕੀਤੇ ਹੋਣ ਤਾਂ ਉਹ ਮਾਫ ਕੀਤੇ ਜਾਣਗੇ । ਇਸ ਲਈ ਤੁਸੀ ਆਪੋ ਵਿੱਚੋ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਏ ਲਈ ਪ੍ਰਾਥਨਾ ਕਰੋ, ਭਈ ਤੁਸੀ ਚੰਗੇ (ਨਰੋਏ) ਹੋ ਜਾਉ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ। (ਯਾਕੂਬ 5:14–16)

ਨਿਗਾਹਬਾਨਾ ਨੂੰ ਸੇਵਾ ਜ਼ਰੂਰ ਇੱਛਾ ਨਾਲ ਕਰਨੀ ਚਾਹੀਦੀ ਹੈ, ਨਾ ਕਿ ਲੋਭੀ ਹੋਣ ਕਰਕੇ, ਜਿਵੇ ਇੱਕ ਉਦਾਹਰਣ (ਨਮੂੰਨਾ) ਝੁੰਡ ਲਈ।

> ਜਿਹੜੇ ਬਜ਼ੁਰਗ ਤੁਹਾਡੇ ਵਿੱਚ ਹਨ, ਭਈ ਤੁਸੀ ਪਰਮੇਸ਼ਵਰ ਦੇ ਉਸ ਇੱਜੜ ਦੀ ਜੋ ਤੁਹਾਡੇ ਵਿੱਚ ਹੈ, ਚਰਵਾਈ ਕਰੋ ਪਰ ਲਚਾਰੀ ਨਾਲ ਨਹੀ। ਪਰਮੇਸ਼ਵਰ ਦੀ ਇੱਛਿਆ ਦੇ ਅਨੁਸਾਰ ਕਰੋ ਜਾਂ ਝੂਠੇ ਸਫੇ ਦੇ ਕਾਰਨ, ਸਗੋ ਮਨ ਦੀ ਚਾਹ ਨਾਲ ਅਤੇ ਉਹ ਜਿਹੜੇ ਤੁਹਾਡੇ ਸਪੁਰਦ ਹਨ, ਹੁੱਕਮ ਨਾ ਚਲਾਉ ਸਗੋ ਇੱਜੜ (ਸਮੂਹ) ਲਈ ਨਮੂੰਨਾ ਬਣੋ (1 ਪਤਰਸ 5:1–3)

**ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ :**

- ਨਿਗਾਹਬਾਨ ਦੇ ਕਿਹੜੇ ਕੁਝ ਕੰਮ ਹਨ?
- ਇੱਕ ਨਿਗਾਹਬਾਨ ਦੇ ਕੰਮ ਕਰਨ ਲਈ ਮੁੱਖ ਉਦੇਸ਼ ਕੀ ਹੈ?

## ਅਭਿਆਸ ਦੀ ਸਲਾਹ

ਜਿਆਦਾ ਮਾਮਲਿਆਂ ਵਿੱਚ, ਇੱਕ ਨਵਾਂ ਨਿਗਾਹਬਾਨ, ਇੱਕ ਬਾਲਿਗਾਂ ਆਦਮੀ ਹੋਣਾ ਚਾਹੀਦਾ ਹੈ, ਜਿਹਦੇ ਕੋਲ ਪਹਿਲਾਂ

ਤੋਂ ਹੀ ਇੱਕ ਘਰ ਹੋਵੇ ਅਤੇ ਇੱਕ ਪਰਿਵਾਰ, ਜਿਹੜਾ ਉਹ ਚਲਾਉਂਦਾ ਹੋਵੇ। ਇੱਕ ਕਲੀਸੀਆਂ ਜਾਂ ਇਕਾਈਆ ਵਿੱਚ ਨਿਗਾਹਬਾਨੀ ਕਰਨਾ, ਆਪਣੇ ਪਰਿਵਾਰ ਦੀ ਅਗਵਾਈ ਕਰਨ ਵਰਗਾ ਹੀ ਹੁੰਦਾ ਹੈ। ਬਿਨ ਵਿਆਹੇ ਜੁਵਾਨ ਆਦਮੀ ਆਮ ਤੌਰ ਤੇ ਜਿਆਦਾ ਆਦਰ ਯੋਗ ਨਹੀ ਸਮਝੇ ਜਾਦੇ ਅਤੇ ਸਭ ਹੀ ਜਾਣਦੇ ਹਨ ਕਿ ਕਿਵੇ ਦੂਜਿਆ ਦੇਖਭਾਲ ਕਰਣੀ ਹੈ।

ਨਵੀ ਕਲੀਸੀਆਂ ਜਾਂ ਇਕਾਈ ਵਿੱਚ ਨਵੇ ਵਿਸ਼ਵਾਸੀਆਂ ਨੂੰ ਅਕਸਰ ਇੱਕ ਚੰਗਾ ਨਿਗਾਹਬਾਨ, ਇੱਕ ਨਵਾ ਵਿਸ਼ਵਾਸੀ ਬਣਦਾ ਹੈ, ਕਿਉਕਿ ਉਹ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ, ਉਹ ਉਹਨੂੰ ਆਦਰ ਦਿੰਦੇ ਹਨ। ਪਰ ਕੁਝ ਵੀ ਹੋਵੇ, ਇੱਕ ਨਵੇ ਵਿਸ਼ਵਾਸੀ ਨੂੰ ਨਿਗਾਹਬਾਨ ਦੀ ਪਦਵੀ (ਖਿਤਾਬ) ਨਹੀ ਦੇਣਾ ਚਾਹੀਦਾ, ਬਜਾਏ ਇਸਦੇ ਇੱਕ ਨਵੇ ਵਿਸ਼ਵਾਸੀ ਨੂੰ ''ਅਸਥਾਈ (ਵਕਤੀ) ਬਜ਼ੁਰਗ ਜਾ ''ਸਿਖਾਦਰੂ (ਸ਼ਾਗਿਰਦ) ਨਿਗਾਹਬਾਨ। ਕਰ ਕੇ ਬੁਲਾਇਆਂ ਜਾਂ ਸਕਦਾ ਹੈ, ਜਦੋਂ ਤੱਕ ਉਹ ਆਪਣੇ ਆਪ ਸਾਬਤ (ਸਿੱਧ) ਨਹੀ ਕਰ ਦਿੰਦਾ ਅਤੇ ਵਿਸ਼ਵਾਸੀ ਨੂੰ ਵੀ ਉਹਦੇ ਤੇ ਭਰੋਸਾ ਹੋ ਜਾਦਾ ਹੈ।

ਹਰੇਕ ਕੰਮ ਚਲਾਉ (ਵਕਤੀ) ਨਿਗਾਹਬਾਨ ਲਈ ਇੱਕ ਸਿਖਾਉਣਾ ਵਾਲੇ ਹੋਣਾ ਚਾਹੀਦਾ ਹੈ ਜਿਹੜਾ ਕਿ ਉਹ ਸਲਾਹ ਦੇ ਸਕੇ। ਇੱਕ ਸਿਖਾਣਵਾਲਾ, ਇੱਕ ਦੂਜੇ ਨਿਗਾਹਬਾਨ ਨੂੰ ਉਹ ਜਿਹਦੇ ਕੋਲ ਜਿਆਦਾ ਤੁਜਰਬਾ ਹੋਵੇ। ਇੱਕ ਸਿੱਖਿਆ ਦੇਣ ਵਾਲੇ ਨੂੰ ਸਿਖਾਦਰੂ ਨਿਗਾਹਬਾਨ ਨੂੰ, ਲਗਾਤਾਰ ਮਿਲਣਾ ਚਾਹੀਦਾ ਹੈ, ਅਤੇ ਇਨ੍ਹਾਂ ਚੀਜ਼ਾ ਨੂੰ ਕਰਣਾ ਚਾਹੀਦਾ ਹੈ।

- ਉਹਦੀ ਸੂਚਨਾ ਨੂੰ ਸੁਣੋ ਕਿ ਉਹਦੀ ਕਲੀਸੀਆਂ ਜਾਂ ਇਕਾਈ ਵਿੱਚ ਹੁਣ ਦੀਆਂ ਲੋੜਾਂ ਹਨ?
- ਉਸ ਦੀ ਯੋਜਨਾ ਬਣਾਉਣ ਵਿੱਚ ਮੱਦਦ ਕਰੋ ਕਿਵੇ ਉਹ ਆਪਣੀ ਕਲੀਸੀਆਂ ਜਾਂ ਇਕਾਈਆਂ ਦੀ ਮੱਦਦ ਕਰ ਸਕਦਾ ਹੈ।
- ਉਸ ਨੂੰ ਬਾਈਬਲ ਵਿੱਚ ਸਿਖਾਉ।
- ਉਸ ਨੂੰ ਇੱਕ ਪਾਠ ਸੰਪੂਰਨ ਸੌਂਪੋ ਜਿਹੜਾ ਕਿ ਉਹਦੀ ਮੱਦਦ ਕਰੇ ਕਲੀਸੀਆਂ ਜਾਂ ਇਕਾਈ ਵਿੱਚ ਹਾਲੇ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ।
- ਉਸ ਦੇ ਉਸ ਪੂਰੇ ਪਾਠ ਨੂੰ ਵੇਖੋ, ਜਿਹੜਾ ਉਸ ਨੇ ਪੂਰਾ ਕੀਤਾ ਹੈ ਜਾਂ ਉਹਦੇ ਨਾਲ ਇਸ ਬਾਰੇ ਗੱਲਬਾਤ ਕਰੇ।
- ਨਵੇ ਕੰਮਾਂ ਨੂੰ ਕਰਨ ਲਈ ਇੱਕਠੇ ਅਭਿਆਸ ਕਰੋ। ਉਹ ਜਿੰਨ੍ਹਾਂ ਬਾਰੇ ਸਿਖਾਂਦਰੂ ਨਿਗਾਹਬਾਨ ਨੂੰ ਸਿੱਖਣ ਦੀ ਲੋੜ ਹੈ। ਸਿਖਾਦਰੂ ਨਿਗਾਹਬਾਨ ਲਈ ਪ੍ਰਾਥਨਾ ਕਰੋ, ਅਤੇ ਉਹਦੀ ਕਲੀਸੀਆਂ ਦੇ ਲੋਕਾਂ ਲਈ ਵੀ।
- ਆਪਣਾ ਸ਼ਮਾ ਜਿਆਦਾ ਮੁਸ਼ਕਿਲ ਨਾਲ ਨਾ ਗੁਜਾਰੋ
- ਹਮੇਸ਼ਾ ਨਵੀਆਂ ਗਤੀਵਿਧੀਆਂ ਕਰਦੇ ਕਰੋ ਜਾ ਉਹ ਸੇਵਕਾਈਆਂ ਜਿੰਨ੍ਹਾਂ ਨਾਲ ਨਵੀਆਂ ਕਲੀਸੀਆਂ ਵਿੱਚ ਵਾਧਾ ਹੋ ਸਕੇ।

ਛੇਤੀ ਹੀ ਇੱਕ ਸਿਖਾਦਰੂ ਨਿਗਾਹਬਾਨ ਜਦੋਂ ਆਪਣੀ ਉਹ ਸਿਖਲਾਈ ਸ਼ੁਰੂ ਕਰਦਾ ਹੈ ਤੇ ਬਾਦ ਵਿੱਚ ਕਲੀਸੀਆਂ ਜਾਂ ਇਕਾਈ ਦੀ ਨਿਗਾਹਬਾਨੀ ਕਰਦਾ, ਉਸ ਨੂੰ ਵੀ ਦੂਜੇ ਸਿਖਾਂਦਰੂ ਨਿਗਾਹਬਾਨ ਦੀ ਸਿਖਲਾਈ ਸ਼ੁਰੂ ਕਰ ਦੇਣੀ ਚਾਹੀਦੀ ਹੈ। ਸਿੱਖਣ ਵਾਲੇ ਨੂੰ ਨਿਗਾਹਬਾਨੀ ਦੀ ਸਲਾਹ ਨਾਲ ਮਿਲਣਾ ਚਾਹੀਦਾ ਹੈ ਅਤੇ ਉਹ ਸਿੱਖਣ ਵਾਲੀ ਸਮਗਰੀ ਜਿਹਦੇ ਨਾਲ ਅਸਥਾਈ ਸਿੱਖ ਸਕੇ। ਇਸ ਤਰੀਕੇ ਨਾਲ ਹਰੇਕ ਸਿਖਾਦਰੂ ਨਿਗਾਹਬਾਨ, ਦੂਜੇ ਸਿਖਾਂਦਰੂ ਨਿਗਾਹਬਾਨ ਨੂੰ ਸਿਖਾ ਸਕਦਾ ਹੈ ਅਤੇ ਕਈ ਨਵੀਆਂ ਕਲੀਸਿਆਂ ਅਤੇ ਇਕਾਈਆ ਨੂੰ ਸ਼ੁਰੂ ਕਰ ਸਕਦੇ ਹਨ। ਇਕ ਕੰਮ ਆਉਣ ਵਾਲੀ ਕਾਰਜ ਸੂਚੀ ਸਮਗਰੀ ਦੇ ਨਾਲ ਉਹ ਤੁਹਾਡੀ ਇੱਹ ਕਰਨ ਲਈ ਮੱਦਦ ਕਰ ਸਕਦੀ ਹੈ। ਉਹ ਜਿਹਨੂੰ ਕਿਹਾ ਜਾਦਾ ਹੈ ''ਸਿਖਲਾਈ ਤੇ ਵਧਾਉਣਾ ਹੈ ਲਿਖੋ Pwr@traind multiply.com ਨੂੰ ਇਸ ਕਾਰਸੂਚੀ ਅਤੇ ਬਾਰੇ ਆਖੋ ਆਪਣੀ ਬੇਲੀ ਵਿੱਚ।

ਇੱਕ ਨਿਗਾਹਬਾਨ ਦੇ ਇੱਕ ਸਾਲ ਦੀ ਸਿਖਲਾਈ ਲੈਣ ਤੋਂ ਬਾਦ, ਉਹ ਕਲੀਸੀਆਂ ਨੂੰ ਸ਼ੁਰੂ ਕਰਨ ਵਾਸਤੇ ਉਹਦੇ ਸਿਰ ਉੱਤੇ ਹੱਥ ਰੱਖਣ ਅਤੇ ਉਸਨੂੰ ਇੱਕ ਨਿਗਾਹਬਾਨਾ, ਪਾਦਰੀ ਜਾ ਬਜ਼ੁਰਗ ਕਹਿਣ ਸਕਣ। ਇਸ ਯੋਜਨਾ ਨੂੰ ਕਈ ਵਾਰ ਗ੍ਰਹਿਣ ਕਰਨ (ਅਮ੍ਰਿਤ ਛਕਣਾ) ਦਾ ਸਮਾਗਮ ਵੀ ਕਿਹਾ ਜਾਂਦਾ ਹੈ। ਜੇ ਤੁਸੀ ਇਹਨੂੰ (Ordination) ਗ੍ਰਹਿਣ ਕਰਨ ਦਾ ਸਮਾਗਮ ਆਖਦੇ ਹੋ ਤਾ ਪੱਕਾ ਕਰ ਲਉ ਤੁਹਾਨੂੰ ਸਿਰਫ ਨੌਵੇ ਨੇਮ ਦੀ ਲੋੜਾ ਦੀ ਜ਼ਰੂਰਤ ਹੈ। ਮਨੁੱਖ ਦੀਆਂ ਜ਼ਰੂਰਤਾ ਨਾਲੇ ਕਲੀਸੀਆਂ ਦੀ ਉਨਤੀ ਨੂੰ ਰੋਕਣਾ ਹੁੰਦਾ ਹੈ। ਅਤੇ ਉਨ੍ਹਾਂ ਨੂੰ ਮਸ਼ੀਹ ਦੇ ਹੁੱਕਮਾਂ ਦੀ ਪਾਲਣਾ ਕਰਨ ਤੋਂ ਦੂਰ ਕਰਦੀਆਂ ਹਨ ਬਹੁਤ ਆਦਮੀ ਕਲੀਸੀਆਂ ਨੂੰ ਸ਼ੁਰੂ ਕਰਦੇ, ਇਹ ਦੀ ਨਿਗਾਹਬਾਨੀ ਕਰਦੇ ਅਤੇ ਇਹਦੀ ਮੱਦਦ ਨਾਲ ਦੂਜੀ ਕਲੀਸੀਆਂ ਨੂੰ ਸ਼ੁਰੂ ਕਰਦੇ, ਇੱਕ ਬਾਈਬਲ ਸਕੂਲ ਵਿੱਚ ਜਾਣ ਤੋਂ ਪਹਿਲਾ।

ਜੇ ਇੱਕ ਕਲੀਸੀਆਂ ਏਨੀ ਵੱਡੀ ਹੋਵੇ ਕਿ ਉਹ ਇੱਕ ਨਿਗਾਹਬਾਨ ਨੂੰ ਕੁਝ ਦੇਣ ਦੇ ਜੋਗ ਹੋਵੇ, ਤਾਂ ਮੈਬਰ ਆਪਣੇ ਆਪ ਦਸਵਾ ਹਿੱਸਾ ਅਤੇ ਚੰਦਾ ਇੱਕਠਾ ਕਰਣ ਅਤੇ ਨਿਗਾਹਬਾਨ ਦੀ ਤਨਖਾਹ ਨੂੰ ਦੇਣ। ਇੱਕ ਨਿਗਾਹਬਾਨ ਉਹ ਜਿਹੜਾ ਤਨਖਾਹ ਲੈਂਦਾ ਹੈ, ਉਹਨੂੰ ਪੂਰੇ ਵੇਲੇ ਕੰਮ ਕਰਨਾ ਜ਼ਰੂਰੀ ਹੈ ਅਤੇ ਇੱਕ ਨਿਗਾਹਬਾਨ ਨੂੰ ਵਪਾਰ ਵਿੱਚ ਸ਼ਾਮਿਲ ਨਹੀ ਹੋਣਾ ਚਾਹੀਂਦਾ ਅਤੇ ਨਾ ਹੀ ਕਿਸੀ ਦੂਜੀ ਨੌਕਰੀ ਤੇ।

## ਨਿਗਾਹਬਾਨਾ ਲਈ ਖਤਰਾ

ਕੁਝ ਵੇਲੇ, ਇੱਕ ਨਿਗਾਹਬਾਨ, ਮਸ਼ੀਹ ਸੰਗਤਾ ਵਿੱਚ ਕੁਝ ਗਲਤ ਚੀਜ਼ਾਂ ਕਰਦੇ ਹਨ। ਨਿਗਾਹਬਾਨਾ ਨੂੰ ਅਕਸਰ ਪਰਮੇਸ਼ਵਰ ਕੋਲੋਂ ਮੱਦਦ ਲਈ ਪ੍ਰਾਥਨਾ ਕਰਨੀ ਚਾਹੀਦੀ ਹੈ ਕਿ ਉਹ ਉਨ੍ਹਾਂ ਨੂੰ ਪ੍ਰੀਖਿਆ ਤੋਂ ਬਾਹਰ ਕੱਢੇ। ਕੁਝ ਪਾਪ ਆਮ ਨਿਗਾਹਬਾਨ ਦੇ ਇਹ ਹਨ।

1 ਨਿਗਾਹਬਾਨ ਨੂੰ ਚੇਲਿਆਂ ਤੋ ਦੂਰ ਜਾਣਾ ਹੈ, ਬਾਦ ਵਿੱਚ ਆਪਣੇ ਆਪ।

ਤੁਸੀ ਆਪਣੀ, ਨਾਲੇ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ ਜੋ ਪਰਮੇਸ਼ਵਰ ਦੀ ਕਲੀਸੀਆਂ ਦੀ ਚਰਵਾਈ ਕਰੇ, ਜਿਹਨੂੰ ਉਸ ਨੇ ਆਪਣੇ ਲਹੂ ਨਾਲ ਮੁੱਲ ਲਿਆ ਹੈ। ਮੈ ਜਾਣਦਾ ਹਾ ਜੋ ਮੇਰੇ ਜਾਣ ਪਿੱਛੋ ਬੁਰੇ ਬੁਰੇ ਬਘਿਆੜ ਤੁਹਾਡੇ ਵਿੱਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ। ਅਤੇ ਤੁਹਾਡੇ ਆਪਣੇ ਹੀ ਵਿੱਚੋ ਕਈ ਪੁਰਸ ਖੜੇ ਹੋਣਗੇ ਜਿਹੜੇ ਉਲਟੀਆ ਗੱਲਾਂ ਕਰਨਗੇ, ਭਈ ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ। (ਰਸੂੰਲਾ ਦੇ ਕਰਤਬ 20:29-30)

2 ਨਿਗਾਹਬਾਨ ਸ਼ਾਇਦ ਜੇ ਪਾਪ ਵਿੱਚ ਜਾਣ ਬਜ਼ੁਰਗ ਦੇ ਜ਼ੁੰਮੇ ਕੋਈ ਦੋਸ਼ ਨਾ ਸੁਣੇ ਜਿੰਨ੍ਹਾਂ ਚਿਰ ਦੋ ਜਾਂ ਤਿੰਨ ਗਵਾਹ ਨਾ ਹੋਣ। ਜਿਹੜੇ ਪਾਪ ਕਰਦੇ ਹਨ ਉਹਨਾ ਨੂੰ ਸਭਨਾ ਦੇ ਸਾਮਹਣੇ ਝਿੜਕ ਦੇਹ, ਭਈ ਬਾਕੀ ਦਿਆ ਨੂੰ ਵੀ ਡਰ ਰਹੇ। ਮੈ ਪਰਮੇਸ਼ਵਰ ਅਤੇ ਮਸ਼ੀਹ ਯਿਸ਼ੂ ਅਤੇ ਚੁਣਿਆਂ ਹੋਇਆਂ ਦੂਤਾ ਨੂੰ ਗਵਾਹ ਕਰ ਕੇ ਤੈਨੂੰ ਤਗੀਦ ਕਰਦਾ ਹਾ ਭਈ ਤੂੰ ਪੱਖਪਾਤ ਤੋ ਬਿਨਾ ਇਨਾ ਗੱਲਾ ਦੀ ਸੰਭਾਲ ਕਰ ਅਤੇ ਕਿਸੇ ਕੰਮ ਵਿੱਚ ਰਈ ਨਾ ਕਰ। ਕਿਸੇ ਉਤੇ ਹੱਥ ਛੇਤੀ ਨਾ ਪਾ, ਨਾ ਹੋਰਨਾ ਦੇ ਪਾਪਾਂ ਦਾ ਭਾਗੀ ਬਣ। ਆਪਣੇ ਆਪ ਨੂੰ ਸੁੱਚਾ (ਪਵਿੱਤਰ) ਰੱਖ। (1 ਤਿਮੋਥਿਉਸ 5:19-22)

3 ਨਿਗਾਹਬਾਨ ਪੈਸੇ ਲਈ ਲੋਭੀ ਬਣ ਸਕਦੇ ਹਨ

ਭਈ ਤੁਸੀ ਪਰਮੇਸ਼ਵਰ ਦੇ ਉਸ ਇੱਜੜ (ਸਮੂੰਹ) ਦੀ ਜੋ ਤੁਹਾਡੇ ਵਿੱਚ ਹੈ ਚਰਵਾਈ ਕਰੋ, ਪਰ ਲਚਾਰੀ ਨਾਲ ਨਹੀ, ਸਗੋ ਖੁਸ਼ੀ ਨਾਲ ਪਰਮੇਸ਼ਵਰ ਦੀ ਇੱਛਿਆ ਅਨੁਸਾਰ ਅਤੇ ਨਾ ਝੂਠੇ ਸਫੇ ਦੇ ਕਾਰਨ ਸਗੋ ਮਨ ਦੀ ਚਾਹ ਨਾਲ।(1 ਪਤਰਸ 5:2)

4 ਹੋ ਸਕਦਾ ਹੈ ਨਿਗਾਹਬਾਨ ਬਹੁਤ ਜਿਆਦਾ ਅਧਿਕਾਰ ਲੈਣ ਉਹਨਾ ਉੱਤੇ ਜਿਹੜੇ ਸੰਪੂਰਕ ਹਨ ਹੁੱਕਮ ਨਾ ਚਲਾਉ, ਸਗੋ ਇੱਜੜ ਲਈ ਨਮੂੰਨਾ ਬਣੋ। (1 ਪਤਰਸ 5:3)

5 ਹੋ ਸਕਦਾ ਹੈ ਕਿ ਨਿਗਾਹਬਾਨ ਜਿਆਦਾ ਮਹੱਤਵਪੂਰਨ ਬਣਨ ਦੀ ਕੋਸ਼ਿਸ ਕਰਣ।

ਸੋ ਕਲੀਸਿਆਂ ਨੂੰ ਕੁਝ ਲਿਖਿਆ ਸੀ ਪਰ ਦਿਯੁਤ੍ਰਿਫੇਸ ਜਿਹੜਾ ਉਨ੍ਹਾਂ ਵਿੱਚ ਸਿਰ ਕੱਢ ਹੋਣਾ ਚਾਹੀਦਾ ਹੈ, ਸਾਨੂੰ ਨਹੀ ਮੰਨਦਾ। ਇਸ ਕਾਰਨ ਜੇ ਮੈ ਆਇਆ ਤਾ ਉਹਦੇ ਕੰਮ ਜਿਹੜੇ ਉਹ ਕਰਦਾ ਹੈ। ਚਿਤਾਰਾਂਗਾਂ ਕਿ ਉਹ ਬੁਰੀਆਂ ਗੱਲਾਂ ਆਖ ਕੇ ਸਾਡੇ ਵਿਰੁੱਧ ਬਕਦਾ ਹੈ, ਅਤੇ ਐਨੇ ਨਾਲ ਹੀ ਰਾਜੀ ਨਹੀ ਹੁੰਦਾ, ਪਰ ਨਾ ਤਾ ਆਪ ਭਰਾਵਾਂ ਦਾ ਆਦਰ ਭਾਉ ਕਰਦਾ ਹੈ ਅਤੇ ਜਿਹੜੇ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਵਰਜਦ ਹੋ ਅਤੇ ਉਹਨਾਂ ਨੂੰ ਕਲੀਸੀਆਂ ਵਿੱਚੋ ਛੇਕ ਦਿੱਤਾ ਹੈ। (3 ਯਹੂੰਨਾ 1:9-10)

### ਬੇਨਤੀ ਕਰਕੇ ਇੰਨਾ ਪ੍ਰਸ਼ਨਾ ਦੇ ਉੱਤਰ ਦਿਉ

- ਤੁਹਾਨੂੰ ਕਿਹੜੀਆਂ ਚੀਜ਼ਾਂ ਤੋ ਕੋਸ਼ਿਸ ਕਰਨੀ ਹੈ ਜੋ ਇੱਕ ਨਿਗਾਹਬਾਨ ਨਾ ਕਰ ਸਕੇ?
- ਤੁਹਾਨੂੰ ਉਦੋ ਕੀ ਕਰਨਾ ਹੈ, ਜਦੋ ਇੱਕ ਨਿਗਾਹਬਾਨ ਚੰਗੀ ਤਰ੍ਹਾਂ ਸਲੂਕ ਨਹੀ ਕਰਦਾ।

### ਕਹਾਣੀ ਲਗਾਤਾਰ ਜਾਰੀ ਹੈ....

ਸ਼੍ਰੀਮਾਨ ਵਿਸ਼ਵਾਸੀ ਨੇ ਸ਼੍ਰੀਮਾਨ ਸਿਖਾਣ ਵਾਲੇ ਨੂੰ ਆਖਦੇ ਹਨ, ''ਮੈ ਉਸ ਤਰ੍ਹਾਂ ਦੇ ਨਿਗਾਹਬਾਨ ਨੂੰ ਵੇਖਿਆਂ ਜਿਹੜਾ ਪਰਮੇਸ਼ਵਰ ਦੇ ਲੋਕਾਂ ਦੀ ਦੇਖ ਰੇਖ, ਇੱਕ ਚਰਵਾਹੇ ਦੇ ਵਾਂਗੂ ਕਰਦਾ ਹੈ ਜਿਹੜਾ ਆਪਣੀਆ ਭੇਡਾਂ ਦੀ ਰੱਖਵਾਲੀ ਕਰਦਾ ਹੈ। ਮੈ ਇੱਕ ਨਿਗਾਹਬਾਨ ਦੇ ਕੰਮ ਨੂੰ ਕਿਵੇਂ ਸ਼ੁਰੂ ਕਰ ਸਕਦਾ ਹਾਂ?

ਸ਼੍ਰੀਮਾਨ ਸਿਖਾਣ ਵਾਲੇ ਵਿਸ਼ਵਾਸੀ ਨੂੰ ਉੱਤਰ ਦਿੰਦੇ ਹਨ, ''ਠੀਕ ਇਹ ਕੁਝ ਅਭਿਆਸ ਕਰਨ ਦੇ ਪਾਠ ਹਨ, ਆਉ ਬੈਠ ਕੇ ਇੱਕਠੇ ਯੋਜਨਾ ਬਣਾਈਏ ਕਿ ਸਾਨੂੰ ਇੱਕ ਦੂਜੇ ਲਈ ਕਿਵੇ ਕਰਨਾ ਹੈ।''

### ਅਭਿਆਸ ਕੰਮ

- ਇੱਕ ਨਿਗਾਹ ਬਾਨ ਦੇ ਵਿਅਕਤੀਗਤ ਗੁਣਾ ਦੀ ਸੂਚੀ ਬਣਾਉ, ਪਰਮੇਸ਼ਵਰ ਨੂੰ ਮੱਦਦ ਕਰਨ ਲਈ ਕਹੋ।
- ਸਾਰੇ ਕੰਮਾ ਅਤੇ ਗਤੀਵਿਧੀਆਂ ਦੀ ਯੋਜਨਾ ਬਣਾਉ ਉਹ ਪਰਮੇਸ਼ਵਰ ਦੀ ਜ਼ਰੂਰਤਾ ਜਿੰਨ੍ਹਾਂ ਨੂੰ ਕਲੀਸੀਆਂ ਨੇ ਕਰਨਾ ਹੈ,

ਤੁਸੀ ਉਨ੍ਹਾਂ ਦੀ ਨਿਗਾਹਬਾਨੀ ਕਰੋਂਗੇ। ਇਨ੍ਹਾਂ ਨੂੰ ਜ਼ਰੂਰ ਸ਼ਾਮਿਲ ਕਰੋ।

– ਮੁਸ਼ਕਿਲਾ ਨੂੰ ਨਿਬੇੜਨਾ।

– ਮੈਬਰਾਂ ਅਤੇ ਦੂਜੀਆਂ ਕਲੀਸਿਆਂ ਵਿੱਚ ਸੰਗਤ ਨੂੰ ਬਣਾ ਕੇ ਰੱਖਣ।

– ਛੋਟੇ ਸਮੂੰਹਾਂ ਨੂੰ ਬਣਾਉਣ ਤਾਂ ਕਿ ਉਸ ਵਿੱਚ ਸਾਰੇ ਹਿੱਸਾ ਲੈਣ ਅਤੇ ਇੱਕ ਦੂਜੇ ਦੀ ਸੇਵਾ ਕਰਨ।

– ਛੋਟਿਆਂਏ ਕਲੀਸੀਆਂ (ਧੀਆਂ ਵਾਲੀਆ) ਅਤੇ ਨਵੀਆ ਇਕਾਈਆ ਨੂੰ ਸ਼ੁਰੂ ਕਰੋ

– ਆਪਣੀ ਕਲੀਸੀਆਂ ਜਾਂ ਇਕਾਈਆਂ ਨੂੰ ਨਿਗਾਹਬਾਨ ਲਈ ਸਿੱਖਿਆ ਦਿਉ, ਇਸ ਕਿਤਾਬ ਵਿੱਚੋ ਬਾਈਬਲ ਦੇ ਪੈਰਿਆਂ ਨੂੰ ਇਸਤਮਾਲ ਕਰੋ।

ੱਆਪਣੀ ਕਲੀਸੀਆਂ ਵਿੱਚ ਕੁਝ ਆਦਮੀਆ ਨੂੰ ਚੁਣੋ, ਜਿਹੜੇ ਨਿਗਾਹਬਾਨ ਬਣਨ ਲਈ ਸਿੱਖਣਾ ਚਾਹੁੰਦੇ ਹਨ

## ਨਤੀਜਾ (ਪਰਿਣਾਮ)

ਪਰਮੇਸ਼ਵਰ ਯਿਸ਼ੂ ਹਰੇਕ ਨੂੰ ਇਨਾਮ ਦੇਵੇਗਾ, ਉਹ ਜਿਹੜਾ ਉਹਦੀਆ ਕਲੀਸੀਆਂ ਤੇ ਇਕਾਈਆਂ ਦੀ ਨਿਗਾਹਬਾਨੀ ਕਰਦੇ ਹਨ, ਜੇ ਉਹ ਇਹ ਪਿਆਰ ਅਤੇ ਬੁੱਧੀਮਾਨੀ ਨਾ ਕਰਣ। ਪਰਮੇਸ਼ਵਰ ਦਾ ਪਵਿੱਤਰ ਆਤਮਾ ਉਨ੍ਹਾਂ ਨੂੰ ਇਸ ਯੋਗ ਬਣਾਵੇ ਗਾ, ਉਹ ਜਿੰਨ੍ਹਾਂ ਨੂੰ ਨਿਗਾਹਬਾਨ ਆਖਿਆ ਜਾਦਾ ਹੈ।

ਇੱਕ ਨਿਗਾਹਬਾਨ ਵਾਂਗੂ ਤੁਸੀ ਆਪਣੀ ਕਲੀਸੀਆਂ ਦਾ ਮੱਦਦ ਕਰ ਸਕਦੇ ਹੋ ਪਰਮੇਸ਼ਵਰ ਦੇ ਪਿਆਰ ਨਾਲ ਇੱਕ ਦੂਜੀ। ਪਰਮੇਸ਼ਵਰ ਦੇ ਵਚਨ ਨੂੰ ਮੰਨ ਕੇ। ਅਤੇ ਤੁਸੀਂ ਵੀ ਦੂਜੇ ਆਦਮੀਆਂ ਨੂੰ ਇੱਕ ਸਿਖਾਂਦਰੂ ਨਿਗਾਹਬਾਨ ਨੂੰ ਸਿੱਖਾ ਸਕਦੇ ਹੋ। ਅਤੇ ਨਵੀਆਂ ਇਕਾਈਆਂ ਸ਼ੁਰੂ ਕਰ ਸਕਦੇ ਹੋ।

Copyright 2004 © by Paul-Timothy. May be freely copied. Download from www.Paul-Timothy.net